# ਜੰਗੀ ਰਾਮ ਦੀ ਹਵੇਲੀ

[ਪਰਦਾ ਖੁੱਲ੍ਹਣ 'ਤੇ ਚਾਰ ਪਾਤਰ ਇਕ ਦਾਇਰੇ ਵਿਚ ਬੈਠੇ ਮਾਤਮ ਕਰ ਰਹੇ ਹਨ। ਮਸਖਰਾ ਆਉਂਦਾ ਹੈ, ਉਨ੍ਹਾਂ ਵੱਲ ਵੇਖਦਾ ਹੈ ਅਤੇ ਫੇਰ ਸਵਾਲ ਕਰਦਾ ਹੈ।]

ਮਸਖਰਾ : ਕੀ ਹੋਇਆ ਹੈ ?

*(ਸਾਰੇ ਪਲ ਦੇ ਪਲ ਚੁੱਪ ਕਰ ਜਾਂਦੇ ਹਨ, ਉਹਦੇ ਵੱਲ ਵੇਖਦੇ ਹਨ ਤੇ ਫੇਰ ਰੋਣ ਲੱਗ ਪੈਂਦੇ ਹਨ।)*

ਮਸਖਰਾ : ਓਏ ਭਲਿਓ ਲੋਕੋ ਹੋਇਆ ਕੀ ਏ ?

ਸਾਰੇ : ਜੰਗੀ ਰਾਮ ਮਰ ਗਿਆ।

ਮਸਖਰਾ : ਕੌਣ ਜੰਗੀ ਰਾਮ ?

ਸਾਰੇ : ਜਿਹੜਾ ਇਸ ਹਵੇਲੀ ਦਾ ਮਾਲਕ ਸੀ।

ਮਸਖਰਾ : (ਆਸੇ ਪਾਸੇ ਹਵੇਲੀ ਦੀ ਖਸਤਾ ਹਾਲਤ ਵੇਖ ਕੇ) ਓਏ ਇਹ ਹਵੇਲੀ, ਇਹ ਹਵੇਲੀ, ਇਹ ਹਵੇਲੀ ? ਤੇਈ ਜੀਹਦੇ ਕਮਰੇ ਨੇ...ਛੱਤਾਂ ਅਠਾਰਾਂ ਦੀਆਂ ਚੋਂਦੀਆਂ ਨੇ...ਬੂਹੇ ਟੁੱਟੇ ਨੇ, ਬਾਰੀਆਂ ਦਾ ਨਿਸ਼ਾਨ ਨਹੀਂ...ਰੋਸ਼ਨੀ ਦਾ ਨਾਮ ਨਹੀਂ...ਫਰਸ਼ ਕੱਚੇ ਨੇ, ਕੰਧਾਂ ਭੁਰਦੀਆਂ ਨੇ...ਭੁਰ-ਭੁਰ ਕੇ ਡਿੱਗਦੀਆਂ ਨੇ...ਮੱਛਰ ਏ...ਬਿਮਾਰੀ ਏ...ਚਿੱਕੜ ਏ...ਲਾਚਾਰੀ ਏ।

ਸਾਰੇ : ਹਾਂ ਚਿੱਕੜ ਏ...ਲਾਚਾਰੀ ਏ...ਮੱਛਰ ਏ...ਬਿਮਾਰੀ ਏ।

ਮਸਖਰਾ : ਜੇ ਇਸ ਹਵੇਲੀ ਦਾ ਮਾਲਕ ਮਰ ਗਿਆ ਏ ਤਾਂ ਰੋਂਦੇ ਕਿਉਂ ਹੋ ?

ਇਕ : ਕਿਉਂਕਿ ਸਾਨੂੰ ਰੋਣ ਤੋਂ ਸਿਵਾ ਆਉਂਦਾ ਹੀ ਕੁਝ ਨਹੀਂ।

ਦੋ : ਜੰਗੀ ਰਾਮ ਜੀਂਦਾ ਸੀ...ਅਸੀਂ ਰੋਂਦੇ ਸਾਂ।

ਤਿੰਨ : ਜੰਗੀ ਰਾਮ ਮਰ ਗਿਆ ਏ...ਅਸੀਂ ਰੋਂਦੇ ਹਾਂ।

ਚਾਰ : ਰੋਣਾ ਸਾਡੀ ਆਦਤ ਏ।

ਇਕ : ਰੋਣਾ ਸਾਡਾ ਕੰਮ ਏ।

ਦੋ : ਰੋਣਾ ਸਾਡਾ ਪੇਸ਼ਾ ਏ।

ਤਿੰਨ : ਰੋਣਾ ਸਾਡੀ ਫਿਤਰਤ ਏ।

ਚਾਰ : ਰੋਣਾ ਸਾਡੀ ਕਿਸਮਤ ਏ।

ਮਸਖਰਾ : ਤੁਸੀਂ ਰੋਂਦੇ ਹੋ ਕਿਉਂਕਿ ਤੁਸੀਂ ਕਰਨਾ ਕਰਾਉਣਾ ਕੁਝ ਨਹੀਂ।

ਇਕ : ਹਾਂ...ਅਸੀਂ ਕਰਨਾ ਕਰਾਉਣਾ ਕੁਝ ਨਹੀਂ।
ਦੋ : ਕਿਉਂਕਿ ਅਸੀਂ ਕਰਨ ਜੋਗੇ ਹੀ ਨਹੀਂ।
ਤਿੰਨ : ਅਸੀਂ ਥੱਲੇ ਹੋਈਏ ਰੋਂਦੇ ਹਾਂ।
ਚਾਰ : ਅਸੀਂ ਉਪਰ ਹੋਈਏ ਰੋਂਦੇ ਹਾਂ...(ਪਹਿਲਾਂ ਵਾਕੁਣ ਰੋਂਦੇ ਹਨ।)
ਮਸਖਰਾ : ਚੁੱਪ...(ਸਾਰੇ ਚੁੱਪ ਕਰ ਜਾਂਦੇ ਹਨ) ਸੋਚੋ ਤਾਂ ਸਹੀ ਤੁਸੀਂ ਰੋਂਦੇ ਕਿਉਂ ਹੋ ?
ਇਕ : ਅਸੀਂ ਇਸ ਲਈ ਰੋਂਦੇ ਹਾਂ...ਕਿਉਂਕਿ ਅਸੀਂ ਇਸ ਹਵੇਲੀ ਵਿਚ ਰਹਿਣ ਵਾਲੇ ਹਾਂ।
ਦੋ : ਇਹਦੀ ਸੰਸਕ੍ਰਿਤੀ ਅਤੇ ਸਭਿਆਚਾਰ ਬੜਾ ਪੁਰਾਣਾ ਏ।
ਤਿੰਨ : ਇਥੇ ਰਿਸ਼ੀਆਂ ਮੁਨੀਆਂ ਨੇ ਪੈਰ ਪਾਏ ਸਨ।
ਚਾਰ : ਇਥੇ ਪੈਗੰਬਰ ਤੇ ਅਵਤਾਰ ਆਏ ਸਨ।
ਇਕ : ਸਾਨੂੰ ਦੱਸਿਆ ਗਿਆ ਕਰੋ ਕਰਾਓ ਕੁਝ ਨਹੀਂ।
ਬਾਕੀ : ਬਸ ਰੋਈ ਜਾਓ।
ਦੋ : ਧੋਤੀ ਪਾਓ ਰੋਈ ਜਾਓ।
ਤਿੰਨ : ਲੰਗੋਟੀ ਪਾਓ ਰੋਈ ਜਾਓ।
ਚਾਰ : ਨੰਗੇ ਰਹੋ ਰੋਈ ਜਾਓ।
ਇਕ : ਰੋਣਾ ਹੀ ਭਗਤੀ ਏ।
ਦੋ : ਰੋਣ ਵਿਚ ਹੀ ਸ਼ਕਤੀ ਏ।
ਤਿੰਨ : ਰੋਣਾ ਹੀ ਕ੍ਰਾਂਤੀ ਏ।
ਚਾਰ : ਰੋਣ ਵਿਚ ਹੀ ਸ਼ਾਂਤੀ ਏ।
ਇਕ : ਰੋਣਾ ਹੀ ਜੁਗਤੀ ਏ।
ਦੋ : ਰੋਣ ਵਿਚ ਹੀ ਮੁਕਤੀ ਏ।
ਤਿੰਨ : ਰੋਣਾ ਹੀ ਆਰਾਮ ਏ।
ਚਾਰ : ਰੋਣ ਵਿਚ ਹੀ ਨਿਰਵਾਣ ਏ।...(ਰੋਂਦੇ ਹਨ।)
ਮਸਖਰਾ : ਚੁੱਪ...(ਉਹ ਚੁੱਪ ਕਰ ਜਾਂਦੇ ਹਨ) ਜੇ ਜੰਗੀ ਰਾਮ ਮਰ ਗਿਆ ਤਾਂ ਉਹਦੀ ਥਾਂ ਕਿਸੇ ਹੋਰ ਨੂੰ ਦੇ ਦਿਉ।
ਸਾਰੇ : ਪਰ ਕੀਹਨੂੰ ਦੇਈਏ।
ਮਸਖਰਾ : ਕੀ ਉਹਦਾ ਕੋਈ ਪੁੱਤਰ ਹੈ ?
ਇਕ : ਉਹਨੇ ਵਿਆਹ ਹੀ ਨਹੀਂ ਕਰਵਾਇਆ ਸੀ।
ਦੋ : ਉਹਦਾ ਵਿਆਹ ਹੋਇਆ ਹੀ ਨਹੀਂ ਸੀ।
ਮਸਖਰਾ : ਕੀ ਉਹ ਜਤੀ ਸੀ ?
ਤਿੰਨ : ਨਹੀਂ।

ਮਸਖਰਾ : ਕੀ ਉਹ ਸਤੀ ਸੀ ?

ਚਾਰ : ਨਹੀਂ।

ਮਸਖਰਾ : ਕੀ ਉਹ ਸੰਤ ਸੀ ?

ਚਾਰ : ਨਹੀਂ।

ਮਸਖਰਾ : ਕੀ ਉਹ ਸਾਧੂ ਸੀ ?

ਇਕ : ਨਹੀਂ।

ਮਸਖਰਾ : ਫੇਰ ਉਹਦਾ ਵਿਆਹ ਕਿਉਂ ਨਹੀਂ ਸੀ ਹੋਇਆ ?

ਤਿੰਨ : ਮੈਂ ਦੱਸਦਾ ਹਾਂ।

ਮਸਖਰਾ : ਤੂੰ ?

ਤਿੰਨ : ਹਾਂ...ਨਾ ਉਹ ਸਾਧੂ ਸੀ, ਨਾ ਉਹ ਸੰਤ ਸੀ, ਨਾ ਉਹ ਜਤੀ ਸੀ...ਨਾ ਉਹ ਸਤੀ ਸੀ।

ਮਸਖਰਾ : ਫੇਰ ਉਹਦਾ ਵਿਆਹ ਕਿਉਂ ਨਹੀਂ ਸੀ ਹੋਇਆ ?

ਤਿੰਨ : ਕਿਉਂਕਿ ਉਹ ਵਿਆਹ ਦੇ ਕਾਬਿਲ ਹੀ ਨਹੀਂ ਸੀ।

ਮਸਖਰਾ : ਸਮਝ ਗਿਆ...ਬਈ ਸਮਝ ਗਿਆ...ਤਾਹੀਓਂ ਤਾਂ ਉਹ ਇਸ ਹਵੇਲੀ ਦਾ ਨੇਤਾ ਸੀ, ਮੁਖੀਆ ਸੀ, ਰਹਿਬਰ ਸੀ, ਮਹਿਰਮ ਸੀ।

ਸਾਰੇ : ਤੇ ਉਹ ਜੰਗੀ ਰਾਮ ਮਰ ਗਿਆ...(ਰੋਂਦੇ ਹਨ।)

ਮਸਖਰਾ : ਚੁੱਪ (ਸਾਰੇ ਚੁੱਪ ਕਰ ਜਾਂਦੇ ਹਨ) ਜੰਗੀ ਰਾਮ ਮਰ ਗਿਆ, ਤੁਸੀਂ ਇਸ ਹਵੇਲੀ ਦੇ ਵਾਰਿਸ ਹੋਏ।

ਸਾਰੇ : ਅਸੀਂ ?

ਮਸਖਰਾ : ਹਾਂ ਤੁਸੀਂ।

ਸਾਰੇ : ਇਹ ਹਵੇਲੀ।

ਮਸਖਰਾ : ਤੁਹਾਡੀ ਹਵੇਲੀ।

ਸਾਰੇ : ਜੈ ਬੋਲੋ ਇਸ ਹਵੇਲੀ ਦੀ।

ਤਿੰਨ : ਇਸ ਤਰ੍ਹਾਂ ਨਹੀਂ।

ਬਾਕੀ : ਫੇਰ।

ਤਿੰਨ : ਚਿੱਟੀ ਧੇਲੀ ਚਾਂਦੀ ਦੀ।

ਬਾਕੀ : ਜੈ ਬੋਲੋ ਮਹਾਤਮਾ ਗਾਂਧੀ ਦੀ।

ਤਿੰਨ : ਨਹੀਂ ਭੁੱਲ ਗਿਆ।

ਬਾਕੀ : ਫੇਰ ?

ਤਿੰਨ : ਚਾਂਦੀ ਚਿੱਟੀ ਧੇਲੀ ਦੀ।

ਬਾਕੀ : ਜੈ ਬੋਲੋ ਇਸ ਹਵੇਲੀ ਦੀ...(ਨਾਅਰੇ ਦੁਹਰਾਉਂਦੇ ਹਨ।)

ਮਸਖਰਾ : ਓਏ ਇਸ ਹਵੇਲੀ ਦੀ ਜੈ ਬੁਲਾਉਂਦੇ ਹੋ...ਤੇਈ ਜੀਹਦੇ ਕਮਰੇ ਨੇ,

ਛੱਤਾਂ ਅਠਾਰਾਂ ਦੀਆਂ ਚੋਂਦੀਆਂ ਨੇ, ਬੂਹੇ ਟੁੱਟੇ ਨੇ...ਬਾਰੀਆਂ ਦਾ ਨਿਸ਼ਾਨ ਨਹੀਂ, ਫ਼ਰਸ਼ ਕੱਚੇ ਨੇ...ਮੱਛਰ ਏ, ਬਿਮਾਰੀ ਏ, ਚਿੱਕੜ ਏ, ਲਾਚਾਰੀ ਏ।

ਬਾਕੀ : ਹਵੇਲੀ ਤਾਂ ਹਮਾਰੀ ਏ।

ਇਕ : ਜੇ ਲੋਕ ਭਾਰਤ ਮਾਤਾ ਦੀ ਜੈ ਬੋਲ ਸਕਦੇ ਨੇ ਜਿਸ ਵਿਚ...

ਦੋ : ਚਾਲੀ ਕਰੋੜ ਲੋਕ ਭੁੱਖਮਰੀ ਦੇ ਪੱਥਰ ਥੱਲੇ ਨੇ।

ਤਿੰਨ : ਚਾਰ ਕਰੋੜ ਬੇਕਾਰ ਨੇ।

ਚਾਰ : ਢਾਈ ਕਰੋੜ ਸੜਕਾਂ 'ਤੇ ਸੌਂਦੇ ਨੇ।

ਇਕ : ਪੰਜਤਾਲੀ ਕਰੋੜ ਅਨਪੜ੍ਹ ਨੇ।

ਦੋ : ਇੱਕੀ ਕਰੋੜ ਲਈ ਪੀਣ ਦਾ ਪੀਣ ਨਹੀਂ।

ਤਿੰਨ : ਪੰਜਾਹ ਕਰੋੜ ਲਈ ਹਸਪਤਾਲ ਨਹੀਂ।

ਚਾਰ : ਕੋਈ ਇਲਾਜ ਨਹੀਂ ਕੋਈ ਦਵਾਈ ਨਹੀਂ।

ਇਕ : ਜੇ ਲੋਕ ਫੇਰ ਵੀ ਕਹਿ ਸਕਦੇ ਨੇ, ਭਾਰਤ ਮਾਤਾ ਦੀ ਜੈ।

ਬਾਕੀ : ਤਾਂ ਅਸੀਂ ਆਪਣੀ ਹਵੇਲੀ ਦੀ ਜੈ ਕਿਉਂ ਨਹੀਂ ਕਹਿ ਸਕਦੇ।

ਤਿੰਨ : ਚਿੱਟੀ ਚਾਂਦੀ ਧੋਲੀ ਦੀ।

ਬਾਕੀ : ਜੈ ਬੋਲੋ ਇਸ ਹਵੇਲੀ ਦੀ।

ਮਸਖਰਾ : ਪਰ ਤੁਹਾਡੀ ਹਵੇਲੀ ਦਾ ਮੁਖੀਆ ਕੌਣ ਹੋਵੇਗਾ ?

ਇਕ : ਹੁਣ ਇਹ ਹਵੇਲੀ ਸਾਡੀ ਏ, ਇਹ ਲੋਕ ਯੁੱਗ ਏ, ਅਸੀਂ ਆਪਣੇ ਮੁਖੀਏ ਦੀ ਚੋਣ ਕਰਾਂਗੇ।

ਦੋ : ਹਾਂ ਮੁਖੀਏ ਦਾ ਇੰਤਖਾਬ ਹੋਵੇਗਾ।

ਬਾਕੀ : ਹਵੇਲੀ ਵਿਚ ਇਨਕਲਾਬ ਹੋਵੇਗਾ।

*(ਨਾਅਰੇ ਲਗਾਉਂਦੇ ਇਕ ਪਾਸੇ ਨਿਕਲ ਜਾਂਦੇ ਹਨ।)*

ਮਸਖਰਾ : (ਨਕਲ ਲਗਾ ਕੇ) ਮੁਖੀਏ ਦਾ ਇੰਤਖਾਬ ਹੋਵੇਗਾ, ਹਵੇਲੀ ਵਿਚ ਇਨਕਲਾਬ ਹੋਵੇਗਾ...ਰੋਂਦੇ ਲੋਕ ਇੰਤਖਾਬ ਕਰਨਗੇ...ਖਾਨਾ ਇਹ ਖਰਾਬ ਕਰਨਗੇ, ਹਵੇਲੀ ਨੂੰ ਬਰਬਾਦ ਕਰਨਗੇ, ਪੁੱਠਾ ਇਹ ਇਨਕਲਾਬ ਕਰਨਗੇ।

*(ਚੋਣਾਂ ਦਾ ਜਲੂਸ ਆਉਂਦਾ ਹੈ।)*

ਇਕ : ਹਵੇਲੀ ਦੀ ਨੇਤਾ ਸਾਡੀ ਬੀਬੀ।

ਬਾਕੀ : ਦੂਰ ਕਰਨੀ ਜਿਸ ਨਾ ਗਰੀਬੀ।

ਇਕ : ਵੋਟ ਪਾਓ ਬੀਬੀ ਨੂੰ।

ਬਾਕੀ : ਦੂਰ ਕਰੋ ਗਰੀਬੀ ਨੂੰ।

ਦੋ : ਹਵੇਲੀ ਦਾ ਨੇਤਾ ਸਿੰਘ ਕਿਸਾਨ।

ਬਾਕੀ : ਸਾਡੀ ਜਿੰਦ ਸਾਡੀ ਸ਼ਾਨ।
ਦੋ : ਵੋਟ ਪਾਓ ਕਿਸਾਨ ਨੂੰ।
ਬਾਕੀ : ਰੱਜ ਕੇ ਖਾਓ ਸ਼ਾਮ ਨੂੰ।
ਤਿੰਨ : ਦੱਬਿਆਂ ਕੁਚਲਿਆਂ ਦੀ ਆਵਾਜ਼।
ਬਾਕੀ : ਸਾਡਾ ਨੇਤਾ ਬਾਬਾ ਰਾਮ।
ਤਿੰਨ : ਵੋਟ ਪਾਓ ਰਾਮ ਨੂੰ।
ਬਾਕੀ : ਦੱਬ ਕੇ ਪੀਵੋ ਸ਼ਾਮ ਨੂੰ।
ਚਾਰ : ਹਰ ਨੁੱਕਰ ਤੋਂ ਆਵਾਜ਼ ਹੈ ਆਈ।
ਬਾਕੀ : ਦੇਸ਼ ਦਾ ਨੇਤਾ ਮੁਰਾਰੀ ਭਾਈ।
ਚਾਰ : ਪੂਰਾ ਕਰੇ ਖ਼ਾਬ ਨੂੰ।
ਬਾਕੀ : ਬੰਦ ਕਰੇ ਸ਼ਰਾਬ ਨੂੰ।
ਚਾਰ : ਵੋਟ ਪਾਓ ਮੁਰਾਰੀ ਨੂੰ।
ਬਾਕੀ : ਦੂਰ ਕਰੋ ਬਿਮਾਰੀ ਨੂੰ।

*(ਨਾਅਰੇ ਮਾਰਦੇ ਬਾਹਰ ਜਾਂਦੇ ਹਨ।)*

ਮਸਖਰਾ : ਇਕ ਉਮੀਦਵਾਰ ਬੁੱਢਾ ਚੌਧਰੀ
ਦੂਜੀ ਇਕ ਚਾਤਰ ਨਾਰੀ
ਤੀਜਾ ਬਾਬੂ ਹੈ ਬਿਹਾਰੀ
ਚੌਥਾ ਹੈ ਦਾਸ ਮੁਰਾਰੀ
ਸਭਨਾਂ ਕੀਤੀ ਤੇਰੀ ਸਵਾਰੀ
ਦੱਸੋ ਹੁਣ ਦੇਣੀ ਕੀਹਨੂੰ ਵਾਰੀ ?
ਸੁਣ ਓਏ ਦੀਨੇ—ਸੁਣ ਓਏ ਫੀਨੇ
ਸੁਣ ਓਏ ਰਾਜੇ—ਸੁਣ ਓਏ ਵਾਜੇ
ਜੇ ਤੈਨੂੰ ਚਾਹੀਦੀ ਨੌਕਰੀ
ਮੁਖੀਆ ਚੁਣ ਲੈ ਬੁੱਢਾ ਚੌਧਰੀ
ਜੇ ਚਾਹੁੰਨਾ ਏਂ ਹਟੇ ਗਰੀਬੀ
ਉਹਦਾ ਦਾਰੂ ਜਾਣੇ ਬੀਬੀ
ਜੇ ਤੈਨੂੰ ਕੋਈ ਗੁਪਤ ਬਿਮਾਰੀ
ਦੂਰ ਕਰੇਗਾ ਬਾਬੂ ਬਿਹਾਰੀ
ਜੇ ਇਵੇਂ ਨਾ ਬੈਠੇ ਕੋਈ ਵੀ ਸੂਤ
ਤਾਂ ਮੁਰਾਰੀ ਪਿਆਵੇਗਾ ਤੈਨੂੰ ਮੂਤ
ਸਭ ਨੇ ਕੀਤੀ ਤੇਰੀ ਸਵਾਰੀ
ਦਸ ਹੁਣ ਦੇਣੀ ਕੀਹਨੂੰ ਵਾਰੀ

*(ਢੋਲ ਵੱਜਣ ਦੀ ਆਵਾਜ਼)*

ਜਲੂਸ : ਜਿੱਤ ਗਿਆ ਬਈ ਜਿੱਤ ਗਿਆ
ਪੈਸੇ ਵਾਲਾ ਜਿੱਤ ਗਿਆ
ਨੋਟਾਂ ਵਾਲਾ ਜਿੱਤ ਗਿਆ
ਹਾਰ ਗਿਆ ਬਈ ਹਾਰ ਗਿਆ
ਦਮੜੀ ਵਾਲਾ ਹਾਰ ਗਿਆ
ਧੇਲੇ ਵਾਲਾ ਹਾਰ ਗਿਆ

*(ਜਲੂਸ ਬਾਹਰ ਜਾਂਦਾ ਹੈ।)*

ਮਸਖਰਾ : ਹਵੇਲੀ ਦਾ ਇੰਤਖਾਬ ਹੋਇਆ ਹੈ
ਪੈਸੇ ਦਾ ਹਿਸਾਬ ਹੋਇਆ ਹੈ
ਪੁੱਠਾ ਇਹ ਇਨਕਲਾਬ ਹੋਇਆ ਹੈ

*(ਤੇ ਹੌਲੇ-ਹੌਲੇ ਫੇਡ ਆਊਟ)*

## ਸੀਨ ਦੂਸਰਾ

[ਪਹਿਲੇ ਵਾਲੀ ਹੀ ਥਾਂ। ਮੁਖੀਆ ਤੇ ਉਹਦੇ ਨਾਲ ਚਾਰ ਹੋਰ ਆਉਂਦੇ ਹਨ। ਉਨ੍ਹਾਂ ਦੇ ਵੱਡੇ-ਵੱਡੇ ਪੱਗੜ ਹਨ ਅਤੇ ਬੜੀ ਸ਼ਾਨ ਨਾਲ ਆ ਕੇ ਬੈਠਦੇ ਹਨ, ਮੁਖੀਆ ਹੋਰਨਾਂ ਤੋਂ ਉੱਚਾ ਬੈਠਦਾ ਹੈ, ਉਨ੍ਹਾਂ ਦੇ ਢਿੱਡ ਬੜੇ ਮੋਟੇ ਹਨ।]

ਮਸਖਰਾ : ਚੁਣਿਆ ਗਿਆ ਇਕ ਮੁਖੀਆ
ਚਾਰ ਰਲਾਏ ਉਸ ਮੰਤਰੀ
ਹੋ ਗਏ ਪੂਰੇ ਪੰਜ
ਸੁਥਰਿਆਂ ਦੀ ਜੁੜ ਗਈ ਜੰਝ
ਨਾ ਕੋਈ ਲਾੜਾ, ਨਾ ਕੋਈ ਲਾੜੀ
ਹਵੇਲੀ ਦੀ ਏ ਕਿਸਮਤ ਮਾੜੀ
ਮੁਖੀਏ ਦਾ ਇੰਤਖਾਬ ਹੋਇਆ ਹੈ
ਖਾਨਾ ਹਵੇਲੀ ਦਾ ਖਰਾਬ ਹੋਇਆ ਹੈ

*(ਮਸਖਰਾ ਆਪਣੀ ਥਾਂ ਬੁੱਤ ਹੋ ਜਾਂਦਾ ਹੈ ਅਤੇ ਮੁਖੀਆ ਆਪਣੇ ਮੰਤਰੀਆਂ ਨਾਲ ਗੱਲਬਾਤ ਸ਼ੁਰੂ ਕਰਦਾ ਹੈ।)*

ਮੁਖੀਆ : ਤੁਹਾਨੂੰ ਪਤਾ ਏ ਕਿ ਅਸੀਂ ਚੋਣਾਂ ਵਿਚ ਵਾਅਦਾ ਕੀਤਾ ਸੀ ਕਿ ਅਸੀਂ ਚਿੱਕੜ ਦੂਰ ਕਰਾਂਗੇ।

ਇਕ : ਉਹ ਤੇ ਕੀਤਾ ਸੀ।

ਮੁਖੀਆ : ਫੇਰ ਚਿੱਕੜ ਦਾ ਕੀ ਸੋਚਿਐ ?

ਦੋ : ਇਹਦਾ ਇਕੋ ਹੀ ਇੰਤਜ਼ਾਮ ਹੋ ਸਕਦੈ ਕਿ ਹਵੇਲੀ ਦਾ ਪਾਣੀ ਨਾਲੀ ਰਾਹੀਂ ਬਾਹਰ ਕੱਢਿਆ ਜਾਏ।

ਮੁਖੀਆ : ਫੇਰ ਕੱਢ ਦੇਵੋ।

ਤਿੰਨ : ਪਰ ਸਵਾਲ ਪੈਦਾ ਹੁੰਦਾ ਏ ਕਿ ਨਾਲੀ ਬਾਹਰ ਕਿਥੋਂ ਜਾਏਗੀ ?

ਮੁਖੀਆ : ਜਿਥੋਂ ਉਹਨੂੰ ਜਾਣਾ ਚਾਹੀਦੈ।

ਚਾਰ : ਬਾਹਰ ਜਾਣ ਦੀ ਇਕੋ ਥਾਂ ਹੈ।

ਮੁਖੀਆ : ਕਿਹੜੀ ?

ਇਕ : ਉਹ ਹੈ ਤਾਏ ਨਿਹਾਲੇ ਦੇ ਬੂਹੇ ਅੱਗੋਂ।

ਨਿਹਾਲਾ : (ਗਾਲ੍ਹਾਂ ਕੱਢਦਾ ਆਉਂਦਾ ਹੈ) ਮੈਂ ਤਾਂ ਪਾੜ ਕੇ ਰੱਖ ਦੇਵਾਂਗਾ, ਜਿਹੜਾ ਮੇਰੇ ਬੂਹੇ ਅੱਗੋਂ ਨਾਲੀ ਕੱਢੇ, ਮੈਂ ਇਕ-ਇਕ ਕੁੱਤੀ ਦੇ ਪੁੱਤਰ ਨੂੰ ਵੇਖਾਂਗਾ...ਮਾਂ ਆਪਣੀ ਦੇ ਖਸਮ ਕਹਿੰਦੇ ਨੇ ਕਿ ਨਾਲੀ ਮੇਰੇ ਬੂਹੇ ਅੱਗੋਂ ਨਿਕਲੇਗੀ।

ਇਕ : ਬਾਬਾ ਹੋਸ਼ ਨਾਲ ਗੱਲ ਕਰ...ਸਰਕਾਰ ਬੈਠੀ ਏ।

ਨਿਹਾਲਾ : ਬੈਠੀ ਤੇ ਬੈਠੀ ਰਹੇ।

ਇਕ : ਤੇਰੇ ਬੂਹੇ ਅੱਗੋਂ ਨਾਲੀ ਤਾਂ ਕੱਢੀ ਜਾਏਗੀ, ਕਿਉਂਕਿ ਨੀਵੀਂ ਥਾਂ ਉਸ ਪਾਸੇ ਹੈ।

ਨਿਹਾਲਾ : ਹਾਂ...ਗਰੀਬਾਂ ਦੀ ਥਾਂ ਆਪੇ ਨੀਵੀਂ ਹੋਣੀ ਹੋਈ।

ਮੁਖੀਆ : ਕੀ ਮਤਲਬ ?

ਨਿਹਾਲਾ : ਮੁਖੀਆ ਜੀ, ਕੱਲ੍ਹ ਜਦੋਂ ਇਨ੍ਹਾਂ ਦੇ ਮਹਿਕਮੇ ਨੇ ਸਰਵੇ ਕੀਤੀ ਤਾਂ ਨੀਵੀਂ ਥਾਂ ਸੇਠ ਦਿਆਲ ਦੀ ਸੀ, ਪਰ ਇਹਨੇ ਮੇਰੇ ਸਾਹਮਣੇ ਉਸ ਕੋਲੋਂ ਰਿਸ਼ਵਤ ਲਈ।

ਮੁਖੀਆ : ਕਿੰਨੀ ਰਿਸ਼ਵਤ ਲਈ ?

ਨਿਹਾਲਾ : ਇਹ ਨਹੀਂ ਪਤਾ...ਇਨ੍ਹਾਂ ਨੇ ਹੱਥ ਝੱਗਿਆਂ ਥੱਲੇ ਕਰ ਲਏ ਸਨ।

ਇਕ : ਇਹ ਝੂਠ ਏ।

ਨਿਹਾਲਾ : ਕੀ ਤੁਸੀਂ ਹੱਥ ਝੱਗਿਆਂ ਥੱਲੇ ਨਹੀਂ ਸਨ ਕੀਤੇ ?

ਇਕ : ਕੀਤੇ ਸਨ।

ਮੁਖੀਆ : ਕਿਉਂ ?

ਇਕ : ਇਹ ਪਰਦੇ ਦੀ ਗੱਲ ਏ ਤੇ ਇਹ ਹਵੇਲੀ ਦੇ ਮਫਾਦ ਵਿਚ ਏ ਕਿ ਇਹ ਗੱਲ ਬਾਹਰ ਨਾ ਆਏ।

ਨਿਹਾਲਾ : ਇਸ ਵਿਚ ਹਵੇਲੀ ਦਾ ਕੋਈ ਮਫਾਦ ਨਹੀਂ।

ਇਕ : ਮਫਾਦ ਹੈ।

ਮੁਖੀਆ : ਬਾਬਾ...ਜਿਥੇ ਹਵੇਲੀ ਦੇ ਮਫਾਦ ਦੀ ਗੱਲ ਆ ਜਾਏ, ਉਥੇ ਸਾਡੇ ਹੱਥ ਬੱਝੇ ਹੁੰਦੇ ਨੇ...ਹਾਂ ਜੇਕਰ ਤੂੰ ਚਾਹੁੰਦਾ ਏਂ ਕਿ ਇਹ ਜਾਣਿਆ ਜਾ ਸਕੇ ਕਿ ਇਸ ਝੱਗੇ ਥੱਲੇ ਕੀ ਹੋਇਐ ਤੇ ਉਹਦਾ ਲੋਕਾਂ ਨੂੰ ਪਤਾ ਲੱਗੇ ਤਾਂ ਅਸੀਂ ਇਕ ਕਮਿਸ਼ਨ ਮੁਕੱਰਰ ਕਰਨ ਲਈ ਤਿਆਰ ਹਾਂ।

ਨਿਹਾਲਾ : ਮੈਨੂੰ ਇਸ ਕਮਿਸ਼ਨ ਦੀ ਲੋੜ ਨਹੀਂ।

ਮੁਖੀਆ : ਫੇਰ ਗੱਲ ਅੱਗੇ ਤੋਰੀ ਜਾਏ।

ਇਕ : ਅਸੀਂ ਜੰਤਰ ਲਾ ਕੇ ਵੇਖਿਆ ਹੈ ਕਿ ਤਾਏ ਨਿਹਾਲੇ ਦੀ ਥਾਂ ਨੀਵੀਂ ਹੈ।

ਨਿਹਾਲਾ : ਤੁਹਾਡਾ ਜੰਤਰ ਮੇਰੇ ਕੋਲੋਂ ਭੁੱਲਿਆ ਨਹੀਂ।

ਇਕ : ਇਹ ਸਾਇੰਸ ਦਾ ਜੰਤਰ ਏ।

ਨਿਹਾਲਾ : ਨਹੀਂ, ਇਹ ਪੈਸੇ ਦਾ ਮੰਤਰ ਏ...ਜਨਾਬ ਤੁਹਾਡਾ ਮੰਤਰੀ ਚੋਰ ਏ... ਮੈਂ ਇਸ ਨੂੰ ਪੋਤੜਿਆਂ ਤੋਂ ਜਾਣਦਾ ਹਾਂ।

ਮੁਖੀਆ : ਉਹ ਕਿਸ ਤਰ੍ਹਾਂ ?

ਨਿਹਾਲਾ : ਸੰਨ 1949 ਵਿਚ ਇਹ ਗੁਰਦੁਆਰੇ ਤੋਂ ਜੁੱਤੀ ਚੁਰਾਉਂਦਾ ਪਕੜਿਆ ਗਿਆ।

ਬਾਕੀ : ਯਾਨੀ ਇਹ ਜੁੱਤੀ ਚੋਰ ਏ।

ਨਿਹਾਲਾ : ਸੰਨ 1956 ਵਿਚ ਇਹ ਮੁਰਗੀ ਚੁਰਾਉਂਦਾ ਪਕੜਿਆ ਗਿਆ।

ਮੁਖੀਆ : ਯਾਨੀ ਇਹ ਮੁਰਗੀ ਚੋਰ ਏ।

ਨਿਹਾਲਾ : ਆਉਣ ਵਾਲੇ ਸਾਲਾਂ ਵਿਚ ਇਹ ਹਰ ਸਾਲ ਕਿਸੇ ਨਾ ਕਿਸੇ ਚੋਰੀ ਜਾਂ ਹੇਰਾ-ਫੇਰੀ ਵਿਚ ਪਕੜਿਆ ਗਿਆ।

ਮੁਖੀਆ : ਇਹ ਬੜੀ ਸੰਜੀਦਾ ਗੱਲ ਏ।

ਦੋ : ਜਨਾਬ ਇਹ ਕੋਈ ਸੰਜੀਦਾ ਗੱਲ ਨਹੀਂ।

ਮੁਖੀਆ : ਕਿਉਂ ?

ਤਿੰਨ : ਸਾਡੇ ਵਿਧਾਨ ਵਿਚ ਕਿਧਰੇ ਨਹੀਂ ਲਿਖਿਆ ਕਿ ਜੁੱਤੀ ਚੋਰ ਮੰਤਰੀ ਨਹੀਂ ਬਣ ਸਕਦਾ।

ਚਾਰ : ਸਾਡਾ ਵਿਧਾਨ ਮੁਰਗੀ ਚੋਰਾਂ ਬਾਰੇ ਵੀ ਚੁੱਪ ਹੈ।

ਦੋ : ਸਾਡਾ ਵਿਧਾਨ ਹਰ ਕਿਸਮ ਦੇ ਚੋਰਾਂ ਬਾਰੇ ਚੁੱਪ ਹੈ।

ਮੁਖੀਆ : ਬਾਬਾ ਤੇਰੇ ਇਲਜ਼ਾਮ ਠੀਕ ਹੋ ਸਕਦੇ ਹਨ, ਪਰ ਅਸੀਂ ਵਿਧਾਨ ਦੀ ਕਿਤਾਬ ਦੇ ਬੱਝੇ ਹੋਏ ਹਾਂ...ਇਸ ਲਈ ਸਾਡਾ ਇਹੀ ਫ਼ੈਸਲਾ ਹੈ ਕਿ ਨਾਲੀ ਤੇਰੇ ਬੂਹੇ ਅੱਗੋਂ ਹੀ ਕੱਢੀ ਜਾਏਗੀ।

ਨਿਹਾਲਾ : ਪਰ ਮੈਂ ਕੋਰਟ ਵਿਚੋਂ ਸਟੇਅ ਲੈ ਲਈ ਹੈ।

ਇਕ : ਅਸੀਂ ਸੈਸ਼ਨ ਵਿਚ ਅਪੀਲ ਕਰਾਂਗੇ।

ਨਿਹਾਲਾ : ਮੈਂ ਹਾਈਕੋਰਟ ਵਿਚ ਜਾਵਾਂਗਾ।

ਇਕ : ਅਸੀਂ ਸੁਪਰੀਮ ਕੋਰਟ ਵਿਚ ਚਲੇ ਜਾਵਾਂਗੇ।

ਮੁਖੀਆ : ਸੋ ਇਹ ਫ਼ੈਸਲਾ ਹੋਇਆ ਕਿ ਜਿੰਨਾ ਚਿਰ ਕੋਰਟਾਂ ਫ਼ੈਸਲਾ ਨਹੀਂ ਦੇਂਦੀਆਂ, ਇਹ ਨਾਲੀ ਨਹੀਂ ਕੱਢੀ ਜਾਏਗੀ।

ਦੋ : ਜਨਾਬ...ਇਸ ਚਿੱਕੜ ਦਾ ਕੀ ਬਣੇਗਾ ?

ਮੁਖੀਆ : ਇਹ ਚਿੱਕੜ ਇਥੇ ਹੀ ਰਵੇਗਾ।

ਤਿੰਨ : ਚਿੱਕੜ ਵਿਚ ਪੈਦਾ ਹੋਏ ਮੱਛਰ ਦਾ ਕੀ ਹੋਏਗਾ ?

ਮੁਖੀਆ : ਇਹ ਵੀ ਇਥੇ ਹੀ ਰਹੇਗਾ।

ਚਾਰ : ਬਿਮਾਰੀ ਫੈਲਣ ਦਾ ਡਰ ਏ।

ਮੁਖੀਆ : ਸਾਡੇ ਬਜ਼ੁਰਗ ਇਸ ਬਿਮਾਰੀ ਵਿਰੁੱਧ ਲੜਦੇ ਰਹੇ ਨੇ।

ਇਕ : ਇਹ ਠੀਕ ਏ...ਅਸੀਂ ਇਸ ਲੜਾਈ ਦੇ ਤਜਰਬੇਕਾਰ ਸਿਪਾਹੀ ਹਾਂ।

ਦੋ : ਹਾਂ ਸਾਡਾ ਇਤਿਹਾਸ ਪੁਰਾਣਾ ਹੈ।

ਤਿੰਨ : ਹਾਂ ਸਾਡਾ ਸਭਿਆਚਾਰ ਪੁਰਾਣਾ ਹੈ।

ਚਾਰ : ਸਾਡੀ ਹਵੇਲੀ ਵਿਚ ਰਿਸ਼ੀਆਂ ਮੁਨੀਆਂ ਨੇ ਪੈਰ ਪਾਏ ਸਨ।

ਮੁਖੀਆ : ਹਾਂ ਸਾਡੀ ਹਵੇਲੀ ਪੈਗ਼ੰਬਰ 'ਤੇ ਅਵਤਾਰ ਆਏ ਸਨ।

ਇਕ : ਅਸੀਂ ਹਰ ਝੱਖੜ, ਹਰ ਤੂਫ਼ਾਨ, ਹਰ ਬਿਮਾਰੀ ਆਪਣੇ ਉੱਤੋਂ ਲੰਘਾ ਸਕਦੇ ਹਾਂ।

ਦੋ : ਸਾਨੂੰ ਦੇਵਤਿਆਂ ਦਾ ਅਸ਼ੀਰਵਾਦ ਏ।

ਤਿੰਨ : ਕੁਝ ਬਾਤ ਹੈ ਕਿ ਹਸਤੀ ਮਿਟਤੀ ਨਹੀਂ ਜਹਾਂ ਸੇ।

ਇਕ : ਸਦੀਓਂ ਰਹਾ ਹੈ ਦੁਸ਼ਮਣ ਪਾਸ ਥਾ ਹਮਾਰਾ।

ਚਾਰ : ਚਿੱਟੀ ਚਾਂਦੀ ਧੌਲੀ ਦੀ ਜੈ ਬੋਲੋ ਇਸ ਹਵੇਲੀ ਦੀ।

*(ਇਹ ਨਾਅਰੇ ਲਗਾਉਂਦੇ ਬਾਹਰ ਚਲੇ ਜਾਂਦੇ ਹਨ।)*

ਮਸਖਰਾ :
ਹਵੇਲੀ ਦਾ ਹੈ ਰੱਥ ਪੁਰਾਣਾ
ਪਹੀਆ ਉਹਦਾ ਉਥੇ ਹੀ ਰਹੇਗਾ
ਜਿਸ ਚਿੱਕੜ ਵਿਚ ਪਹਿਲੇ ਫਸਿਆ
ਉਸੇ ਚਿੱਕੜ 'ਚ ਹੁਣ ਫਸੇਗਾ
ਹਵੇਲੀ ਦਾ ਹੈ ਦਸਤੂਰ ਕਦੀਮੀ
ਨਾ ਕੁਝ ਸੀ ਪਹਿਲੇ ਬਦਲਿਆ
ਨਾ ਕੁਝ ਹੁਣ ਬਦਲੇਗਾ
ਦਲਿਦਰ ਵਿਚ ਸੀ ਜੋ ਜੰਮਿਆ
ਦਲਿਦਰ ਵਿਚ ਹੀ ਉਹ ਮਰੇਗਾ

## ਸੀਨ ਤੀਸਰਾ

[ਪਹਿਲੇ ਵਾਲੀ ਹੀ ਥਾਂ। ਹਵੇਲੀ ਵਿਚ ਇਕ ਸਵੇਰ ਦਾ ਸੀਨ। ਇਕ ਪਾਸੇ ਲੋਕ ਲੈਟਰੀਨ ਜਾਣ ਲਈ 'ਕਿਊ' ਵਿਚ ਖੜੇ ਹਨ। ਦੂਜੇ ਪਾਸੇ ਨਲਕੇ ਤੇ ਘੜਿਆਂ ਅਤੇ ਬਾਲਟੀਆਂ ਦੀ ਲਾਈਨ ਲੱਗੀ ਹੈ, ਤਿੰਨ ਬੰਦੇ ਥੜੇ 'ਤੇ ਬੈਠੇ ਦਾਤਣ ਕਰ ਰਹੇ ਹਨ। ਇਹ ਸੀਨ ਕੁਝ ਚਿਰ ਸੰਗੀਤ ਦੀ ਲੈਅ ਵਿਚ ਚੱਲਦਾ ਹੈ। ਸੰਗੀਤ ਬੰਦ ਹੁੰਦਾ ਹੈ।]

ਇਕ : (ਦੋ ਨੂੰ) ਕੁਝ ਹੋਇਆ ਨੌਕਰੀ ਦਾ ਬੰਦੋਬਸਤ ?

ਦੋ : ਨਹੀਂ, ਕਿਧਰੇ ਨਹੀਂ...ਬੜੀਆਂ ਇੰਟਰਵਿਊ ਦਿੱਤੀਆਂ, ਪਰ ਕਾਮਯਾਬੀ ਨਹੀਂ ਹੋਈ।

ਤਿੰਨ : ਹੂੰ ਸ਼ਿਫਾਰਸ਼ ਤੋਂ ਬਿਨਾਂ ਕਾਮਯਾਬੀ ਭਾਲਦਾ ਏ।

ਇਕ : ਕਿਉਂ ਭਾਈ ਸਾਹਿਬ ਤੇਲ ਮਿਲਿਆ ?

ਤਿੰਨ : ਤੇਲ ਕਿਥੋਂ ਮਿਲਦਾ, ਦੋ ਘੰਟੇ ਲਾਈਨ ਵਿਚ ਖਲੋ ਕੇ ਆ ਗਿਆ... ਤੁਸੀਂ ਘਿਉ ਵਾਲੀ ਲਾਈਨ ਵਿਚ ਖਲੋਤੇ ਸੀ, ਮਿਲਿਆ ?

ਇਕ : ਨਹੀਂ ?

ਤਿੰਨ : ਜੇ ਤੁਹਾਨੂੰ ਘਿਓ ਨਹੀਂ ਮਿਲਿਆ ਤੇ ਮੈਨੂੰ ਤੇਲ ਕਿਥੋਂ ਮਿਲਣਾ ਸੀ ?

ਇਕ : ਹਰ ਗੱਲ ਦੀ ਤੰਗੀ ਹੋ ਗਈ ਏ।

ਦੋ : ਤੰਗੀ ਵਰਗੀ ਤੰਗੀ।

ਇਕ : ਤੰਗੀ ਦੀ ਤਾਂ ਹੱਦ ਹੋ ਗਈ ਏ।

ਦੋ : ਹੁਣ ਤੇ ਕੁਝ ਹੋਣਾ ਚਾਹੀਦਾ...ਇਸ ਤਰ੍ਹਾਂ ਕਿੰਨੀ ਦੇਰ ਚੱਲੇਗਾ।

ਤਿੰਨ : ਕਿਉਂ ਅੱਗੇ ਨਹੀਂ ਚੱਲਦਾ ?

ਦੋ : ਚਲਦਾ 'ਤੇ ਪਿਆ ਏ, ਪਰ ਇਹ ਕੋਈ ਚੱਲਣ ਵਰਗਾ ਏ ?

ਇਕ : ਇਹੋ ਜਿਹੀ ਜ਼ਿੰਦਗੀ ਨਾਲੋਂ ਮੌਤ ਹੀ ਚੰਗੀ ਏ।

ਦੋ : ਨਿਰੀ ਚੰਗੀ...ਮੈਂ ਤਾਂ ਕਹਿੰਦਾ ਤਾਂ ਬਹੁਤ ਹੀ ਚੰਗੀ ਏ।

ਤਿੰਨ : ਫੇਰ ਭਾਈ ਸਾਹਿਬ...ਤੁਸੀਂ ਮਰ ਕਿਉਂ ਨਹੀਂ ਜਾਂਦੇ...ਮਰਨਾ ਤਾਂ ਕੋਈ ਮੁਸ਼ਕਿਲ ਨਹੀਂ ?

ਦੋ : ਬੱਚਿਆਂ ਦਾ ਖ਼ਿਆਲ ਆ ਜਾਂਦਾ ਏ...ਪਿੱਛੋਂ ਰੁਲਣਗੇ।

ਇਕ : ਤੇ ਤੂੰ ਹੁਣ ਉਨ੍ਹਾਂ ਦਾ ਕੀ ਪਿਆ ਸੰਵਾਰਨਾ ਏਂ ?

*(ਹਾਸਾ ਸੰਗੀਤ ਅਤੇ ਅਖ਼ਬਾਰ ਵਾਲੇ ਦਾ ਆਉਣਾ।)*

ਅਖ਼ਬਾਰ ਵਾਲਾ :
ਅੱਜ ਦਾ ਅਖ਼ਬਾਰ ਆਇਆ ਏ
ਖ਼ਬਰਾਂ ਕਈ ਹਜ਼ਾਰ ਲਿਆਇਆ
ਕਿਧਰੇ ਹੜ ਕਿਧਰੇ ਭੁਚਾਲ ਆਇਆ ਹੈ

ਹਵਾਈ ਜਹਾਜ਼ ਡਿੱਗ ਗਿਆ
ਰੇਲ ਪਟੜੀ ਤੋਂ ਲਹਿ ਗਈ
ਬੱਸ ਖੱਡ ਵਿਚ ਡਿੱਗ ਪਈ
ਹਰੀਜਨ ਕੁੜੀ ਦੀ ਪੱਤ ਲੁੱਟੀ ਗਈ
ਖੰਡ ਮਹਿੰਗੀ ਹੋ ਗਈ, ਇੱਜ਼ਤ ਸਸਤੀ ਹੋ ਗਈ
ਪਰ ਸਭ ਕੁਝ ਠੀਕ ਠਾਕ ਏ
ਅਮਨ ਤੇ ਕਾਨੂੰਨ ਬਹਾਲ ਏ
ਵਜ਼ੀਰ ਦਾ ਬਿਆਨ ਆਇਆ ਹੈ
ਅੱਜ ਦਾ ਅਖ਼ਬਾਰ ਆਇਆ ਹੈ
ਪੁਲਾੜ ਵਿਚ ਵਿਮਾਨ ਗਿਆ ਹੈ
ਸਾਇੰਸ ਦਾ ਕਮਾਲ ਹੋਇਆ ਹੈ
ਵਧਾਈ ਦਾ ਸੰਦੇਸ਼ ਆਇਆ ਹੈ
ਬੜੀ ਮਹਾਨ ਜਿੱਤ ਹੋਈ
ਮੁਖੀਏ ਦਾ ਬਿਆਨ ਆਇਆ ਹੈ
ਅੱਜ ਦਾ ਅਖ਼ਬਾਰ ਆਇਆ ਹੈ
ਖ਼ਬਰਾਂ ਕਈ ਹਜ਼ਾਰ ਲਿਆਇਆ ਹੈ

*(ਤਿੰਨੋਂ ਦਾਤਣ ਕਰਦੇ ਹਨ ਅਤੇ ਨਾਲ ਦੇ ਨਾਲ ਅਖ਼ਬਾਰ ਪੜ੍ਹਦੇ ਹਨ। ਇਹ ਸੰਗੀਤ ਦੀ ਲੈਅ ਵਿਚ ਹੁੰਦਾ ਹੈ। ਸੰਗੀਤ ਬੰਦ ਹੁੰਦਾ ਹੈ।)*

ਇਕ : ਲੈ ਬਈ ਆਪਣੇ ਸਾਇੰਸਦਾਨਾਂ ਕਮਾਲ ਕਰ ਦਿੱਤੀ।

ਦੋ : ਪੁਲਾੜ ਵਿਚ ਜਹਾਜ਼ ਸੁੱਟ ਮਾਰਿਆ।

ਤਿੰਨ : ਪੜ੍ਹੋ ਕੀ ਉਨ੍ਹਾਂ ਧਰਤੀ 'ਤੇ ਵੀ ਕੁਝ ਕਰ ਮਾਰਿਆ ਏ।

ਇਕ ਤੇ ਦੋ : ਪੜ੍ਹਦੇ ਹਾਂ...ਪੜ੍ਹਦੇ ਹਾਂ।

ਇਕ : ਤੈਨੂੰ ਪਤਾ ਏ ਕਿ ਪੁਲਾੜ ਵਿਚ ਪਹਿਲਾ ਵਿਮਾਨ ਭੇਜਣ ਵਾਲੇ ਸਾਡੇ ਹੀ ਬਜ਼ੁਰਗ ਸਨ।

ਦੋ : ਆਕਾਸ਼ ਵਿਚ ਅਗਨਬਾਨ ਮਾਰਨ ਵਾਲੇ ਸਾਡੇ ਹੀ ਦਾਦਾ ਪੜਦਾਦਾ ਸਨ।

ਇਕ : ਉਨ੍ਹਾਂ ਦੇ ਛੱਡੇ ਵਿਮਾਨ ਹਾਲੇ ਤਕ ਪੁਲਾੜ ਵਿਚ ਚੱਕਰ ਲਾ ਰਹੇ ਸਨ।

ਦੋ : ਤੇ ਉਨ੍ਹਾਂ ਦੀ ਔਲਾਦ ਧਰਤੀ 'ਤੇ ਲਟਕੀ ਹੋਈ ਹੈ...ਸਾਨੂੰ ਜ਼ਾਤ-ਪਾਤ ਦੇ ਗਧੀ ਗੇੜ ਵਿਚ ਪਾਉਣ ਵਾਲੇ ਸਾਡੇ ਹੀ ਬਜ਼ੁਰਗ ਸਨ।

ਇਕ : ਤਾਰਿਆਂ ਦੀ ਸਾਇੰਸ ਸਾਡੀ ਹੀ ਈਜਾਦ ਏ।

ਦੋ : ਹਿਸਾਬ ਅਸੀਂ ਦੁਨੀਆ ਨੂੰ ਸਿਖਾਇਆ।
ਇਕ : ਫ਼ਲਸਫ਼ਾ ਵੀ ਸਾਡੀ ਹੀ ਦੁਨੀਆ ਨੂੰ ਦੇਣ ਏ।
ਦੋ : ਗਿਆਨ ਵਿਗਿਆਨ ਸਭ ਅਸਾਂ ਹੀ ਸ਼ੁਰੂ ਕੀਤਾ।
ਤਿੰਨ : ਤੇ ਦੁਨੀਆਂ ਚੰਨ ਤਕ ਪੁੱਜ ਗਈ, ਅਸੀਂ ਉਥੇ ਹੀ ਰਹੇ।
ਇਕ : ਤਾਂ ਕੀ ਹੋਇਆ, ਅਸੀਂ ਉਥੇ ਦੇ ਉਥੇ ਹੀ ਰਹੇ...ਪਰ ਸਾਡੇ ਬਜ਼ੁਰਗ ਬੜੇ ਮਹਾਨ ਸਨ।
ਦੋ : ਕੀ ਇਹ ਥੋੜ੍ਹੀ ਗੱਲ ਏ ?
ਇਕ : ਜਦੋਂ ਦੁਨੀਆਂ ਹਾਲੀ ਪੱਥਰਾਂ ਨਾਲ ਅੱਗ ਬਾਲਦੀ ਸੀ...ਸਾਡੇ ਲੋਕ ਬਰਤਨਾਂ ਵਿਚ ਖਾਣਾ ਖਾਂਦੇ ਸਨ।
ਦੋ : ਜਦੋਂ ਦੁਨੀਆ ਜੰਗਲਾਂ ਵਿਚ ਨੰਗੀ ਰਹਿੰਦੀ ਸੀ...ਸਾਡੇ ਬਜ਼ੁਰਗਾਂ ਨੇ ਲੰਗੋਟੀ ਦੀ ਕਾਢ ਕੱਢੀ।
ਇਕ : ਲੰਗੋਟੀ ਦੇ ਸਹਾਰੇ ਫੇਰ ਦੁਨੀਆ ਦੀ ਤਹਿਜੀਬ ਅੱਗੇ ਵਧੀ।
ਦੋ : ਲੰਗੋਟੀ ਨਾ ਹੁੰਦੀ ਤਾਂ ਮਨੁੱਖ ਨੇ ਪਸ਼ੂ ਹੀ ਰਹਿਣਾ ਸੀ।
ਤਿੰਨ : ਦੁਨੀਆਂ ਨੇ ਬਹੁਤ ਕੁਝ ਅੱਗੇ ਕਰ ਲਿਆ ਤੇ ਸਾਡੀ ਲੰਗੋਟੀ ਦੀ ਲੰਗੋਟੀ ਹੀ ਰਹੀ।
ਇਕ : ਸਾਡੇ ਬਜ਼ੁਰਗ ਦੀ ਪਹਿਲੀ ਲੰਗੋਟੀ ਲੋਹੇ ਦੀ ਸੀ...ਇਸ ਲਈ ਲੋਹਾ ਅਸੀਂ ਈਜਾਦ ਕੀਤਾ।
ਦੋ : ਉਹ ਲੰਗੋਟੀ ਭਾਰੀ ਬੜੀ ਸੀ...ਫੇਰ ਅਸੀਂ ਲੰਗੋਟੀ ਤਾਂਬੇ ਦੀ ਬਣਾਈ।
ਇਕ : ਅਸੀਂ ਹਰ ਕਿਸਮ ਦੀ ਧਾਤ ਦੀ ਈਜਾਦ ਕੀਤੀ, ਇਸ ਦਾ ਸਬੂਤ ਅਜਾਇਬ ਘਰ ਵਿਚ ਸਾਂਭੀਆਂ ਸਾਡੀਆਂ ਲੰਗੋਟੀਆਂ ਤੋਂ ਮਿਲ ਸਕਦਾ ਹੈ।
ਦੋ : ਫੇਰ ਇਹ ਲੰਗੋਟੀ ਕੱਪੜੇ ਦੀ ਹੋ ਗਈ...ਇਸ ਲਈ ਕੱਪੜਾ ਵੀ ਅਸੀਂ ਲੱਭਿਆ।
ਤਿੰਨ : ਤੇ ਹੁਣ ਇਹ ਲੰਗੋਟੀ ਮੋਮ ਦੀ ਹੋ ਗਈ ਏ।
ਇਕ : ਇਸੇ ਲਈ ਦੇਸ਼ ਵਿਚ ਦੁਰਾਚਾਰ ਏ।
ਦੋ : ਭ੍ਰਿਸ਼ਟਾਚਾਰ ਏ।
ਤਿੰਨ : ਬਸ ਆਚਾਰ ਹੀ ਆਚਾਰ ਏ...ਰੋਟੀ ਕੋਈ ਨਹੀਂ।
ਇਕ : ਰੋਟੀ ਸਾਨੂੰ ਮੁਖੀਏ ਦੇਣਗੇ।
ਦੋ : ਉਹ ਸਾਡੇ ਚੁਣੇ ਹੋਏ ਮੁਖੀਏ ਨੇ।
ਤਿੰਨ : ਉਹ ਆਉਂਦੇ ਪਏ ਨੇ...ਆਓ ਉਨ੍ਹਾਂ ਨੂੰ ਆਖੀਏ।

*(ਚਾਰ ਮੁਖੀਏ ਆਉਂਦੇ ਹਨ। ਉਨ੍ਹਾਂ ਕੰਨਾਂ ਵਿਚ ਉਂਗਲੀਆਂ*

*ਰੱਖੀਆਂ ਹੋਈਆਂ ਹਨ।)*

ਇਕ : ਮੁਖੀਆ ਜੀ ਆਟਾ ਨਹੀਂ ਮਿਲਦਾ।
ਦੋ : ਮੁਖੀਆ ਜੀ ਤੇਲ ਨਹੀਂ ਮਿਲਦਾ।
ਇਕ : ਮੁਖੀਆ ਜੀ, ਘਿਓ ਨਹੀਂ ਮਿਲਦਾ।
ਦੋ : ਮੁਖੀਆ ਜੀ ਖੰਡ ਨਹੀਂ ਮਿਲਦੀ।
ਇਕ : ਮੁਖੀਆ ਜੀ, ਕੱਪੜਾ ਨਹੀਂ ਮਿਲਦਾ।
ਦੋ : ਮੁਖਆ ਜੀ, ਮਕਾਨ ਨਹੀਂ ਮਿਲਦਾ।
ਤਿੰਨ : ਕੀ ਹੋਇਆ ਰੱਬ ਦਾ ਨਾਮ ਤਾਂ ਮਿਲਦਾ ਏ।
ਇਕ : ਮੁਖੀਆ ਜੀ ਕੁਝ ਬੋਲੋ।
ਦੋ : ਸਾਡੀ ਗੱਲ ਤਾਂ ਗੌਲੋ।
ਇਕ : ਮੁੱਖ ਤਾਂ ਖੋਲ੍ਹੋ।
ਦੋ : ਕੁਝ ਤਾਂ ਬੋਲੋ।
ਤਿੰਨ : ਜੋ ਬੋਲਣਾ ਸੀ ਬੋਲ ਚੁੱਕੇ।
ਜੋ ਕਹਿਣਾ ਸੀ ਕਹਿ ਚੁੱਕੇ।
ਪੰਜ ਸਾਲ ਦੇ ਬਾਅਦ ਫੇਰ ਬੋਲਣਗੇ।
ਸੱਚ ਤੇ ਝੂਠ ਫੇਰ ਤੋਲਣਗੇ।
ਬੰਦ ਮੁਖਾਰ ਫੇਰ ਖੋਲ੍ਹਣਗੇ।

*(ਚਾਰੇ ਮੁਖੀਏ ਕੰਨਾਂ ਵਿਚ ਉਂਗਲਾਂ ਪਾ ਕੇ ਖਲੋ ਜਾਂਦੇ ਹਨ। ਬਾਕੀ ਲੋਕ ਉਸ ਮੂਕ ਦਿਸ਼ਾ ਵਿਚ ਜਿਸ ਤਰ੍ਹਾਂ ਉਨ੍ਹਾਂ ਨੂੰ ਕੁਝ ਕਹਿ ਰਹੇ ਹੋ। ਮਸਖਰਾ ਸਟੇਜ 'ਤੇ ਆਉਂਦਾ ਹੈ।)*

ਮਸਖਰਾ : ਖਾਲੀ ਪੀਪੇ, ਖਾਲੀ ਢੋਲ
ਖਾਲੀ ਢਿੱਡ, ਖਾਲੀ ਕੌਲ
ਮਿਲੇ ਨਾ ਆਟਾ, ਮਿਲੇ ਨਾ ਚੌਲ
ਕਿਧਰ ਹੋ ਗਏ ਸਾਰੇ ਲੋਪ
ਮੈਂ ਦੱਸਦਾ ਹਾਂ ਸੱਚੇ ਬੋਲ
ਕਾਲੀ ਮੰਡੀ ਸਭ ਕੁਝ ਵੜਿਆ
ਸੇਠਾਂ ਦੇ ਢਿੱਡ ਨੇ ਗੋਲੋ ਗੋਲ
ਖਾ ਗਏ ਆਟਾ ਖਾ ਗਏ ਚੌਲ
ਪਿੱਟਨ ਲੋਕੀਂ ਰੋਵਨ ਲੋਕੀਂ
ਰੋ ਰੋ ਖੀਵੇ ਹੋ ਗਏ ਲੋਕ
ਪਰ ਹਾਕਮਾਂ ਉਂਗਲਾਂ ਹਨ ਦਿੱਤੀਆਂ
ਜੂੰ ਨਾ ਸਰਕੇ ਕੰਨਾਂ ਕੋਲ

ਫੇਰ ਕੀ ਕਰਨ ਇਹ ਵਿਚਾਰੇ ਲੋਕ
ਠੰਡਾ ਪਾਣੀ ਪੀ ਮਰਨ
ਇਹ ਨੰਗੇ ਭੁੱਖੇ ਲੋਕ
ਪਰ ਕਿਉਂ ਮਰਨ ਵਿਚਾਰੇ ਲੋਕ
ਹਾਕਮਾਂ ਦੇ ਗਲ ਕਿਉਂ ਨਾ ਪੈਣ
ਇਹ ਭੁੱਖੇ ਨੰਗੇ ਸਾਰੇ ਲੋਕ
ਪਾੜਣ ਇਹ ਮੋਟੇ ਢਿੱਡ
ਕੱਢ ਲੈਣ ਦਾਣਾ ਦਾਣਾ ਚੌਲ
ਇਹ ਭੁੱਖੇ ਨੰਗੇ ਸਾਰੇ ਲੋਕ

*(ਸੰਗੀਤ ਦੀ ਠਾਪ ਵੱਜਦੀ ਹੈ। ਮੂਕ ਸਥਿਤੀ ਖ਼ਤਮ ਹੁੰਦੀ ਹੈ। ਮੁਖੀਏ ਅੱਗੇ ਅੱਗੇ ਦੌੜਦੇ ਹਨ ਤੇ ਲੋਕ ਪਿੱਛੇ-ਪਿੱਛੇ ਇਕ-ਦੋ ਚੱਕਰ ਲਾਉਂਦੇ ਹਨ। ਫੇਰ ਸਟੇਜ ਦੇ ਬਾਹਰ ਜਾਂਦੇ ਹਨ। ਬਾਹਰੋਂ ਸੀਟੀਆਂ ਦੀ ਆਵਾਜ਼, ਦੌੜ-ਭੱਜ, ਫੇਰ ਗਲੀਆਂ ਦੀ ਆਵਾਜ਼...ਕੁਝ ਲੋਕ ਲਹੂ-ਲੁਹਾਨ ਹੋਏ ਸਟੇਜ ਤੋਂ ਲੰਘ ਜਾਂਦੇ ਹਨ। ਭਗਦੜ ਮੱਚ ਜਾਂਦੀ ਹੈ। ਰੌਲਾ ਬਿਜਲੀ ਦਾ ਬੁਝਣਾ ਜਗਣਾ...ਹੋਰ ਰੌਲਾ ਤੇ ਫੇਰ ਬਿਲਕੁਲ ਚੁੱਪਚਾਪ।)*

ਮਸਖਰਾ : ਅੱਗੇ ਭੱਜਣ ਮੁਖੀਏ ਚੋਰ
ਪਿੱਛੇ ਭੱਜਣ ਭੁੱਖੇ ਲੋਕ
ਅੱਗੇ ਅੱਗੇ ਮੋਟੇ ਢਿੱਡ
ਪਿੱਛੇ ਪਿੱਛੇ ਭੁੱਖੇ ਢਿੱਡ
ਸੁਖੀਏ ਸਦਨ ਪਹਿਰੇਦਾਰ
ਖਾਕੀ ਵਰਦੀ ਵਾਲੇ ਯਾਰ
ਚੱਲੇ ਗੋਲੀ, ਚੱਲੇ ਬੰਦੂਕ
ਹਵੇਲੀ ਹੋ ਗਈ ਖ਼ੂਨੋ ਖ਼ੂਨ
ਅੱਗੇ ਭੱਜਣ ਮੁਖੀਏ ਚੋਰ
ਪਿੱਛੇ ਭੱਜਣ ਭੁੱਖੇ ਲੋਕ

*(ਫੇਡ ਆਊਟ। ਸਟੇਜ ਖ਼ਾਲੀ ਹੁੰਦੀ ਹੈ।)*

## ਸੀਨ ਚੌਥਾ

[ਥਾਂ ਪਹਿਲੇ ਵਾਲੀ। ਚਾਰ ਮੁਖੀਏ ਇਕ ਦੂਜੇ ਦੇ ਢਿੱਡ 'ਤੇ ਸਿਰ ਰੱਖ ਕੇ ਸੁੱਤੇ ਹੋਏ ਸਨ। ਦੂਜੇ ਪਾਸੇ ਚਾਰ ਬੰਦੇ ਮਾਤਮ ਸਥਿਤੀ ਵਿਚ ਬੈਠੇ ਹਨ। ਸੰਗੀਤਮਈ ਹਟਕੋਰੇ ਅਤੇ

ਘੁਰਾੜਿਆਂ ਦੀ ਆਵਾਜ਼ ਆਉਂਦੀ ਹੈ। ਇਹ ਸੰਗੀਤ ਕੁਝ ਚਿਰ ਲਈ ਚੱਲਦਾ ਹੈ ਅਤੇ ਫੇਰ ਬੰਦ...ਚੁੱਪ ਚਾਪ।]

ਇਕ : ਇਹੋ ਜਹੀ ਆਫ਼ਤ ਅੱਗੇ ਕਦੀ ਨਹੀਂ ਆਈ।

ਦੋ : ਘਰ ਘਰ ਬਿਮਾਰੀ ਹੈ।

ਤਿੰਨ : ਚਾਰ ਨੰਬਰ ਵਾਲਿਆਂ ਦੇ ਦੋ ਜੀ ਮਰ ਗਏ ਨੇ।

ਚਾਰ : ਸੱਤ ਨੰਬਰ ਵਾਲਿਆਂ ਦਾ ਤਾਂ ਸਾਰਾ ਟੱਬਰ ਹੀ ਮਰ ਗਿਆ।

ਮਸਖਰਾ : ਲੋਕ ਚੀਕ ਰਹੇ ਨੇ...ਰੋ ਰਹੇ ਨੇ, ਕੀਰਨੇ ਪਾ ਰਹੇ ਨੇ...ਪਰ ਹਾਕਮ ਕੁੰਭਕਰਨੀ ਨੀਂਦ ਸੌਂ ਰਹੇ ਹਨ।

*(ਘੁਰਾੜਿਆਂ ਦੀ ਆਵਾਜ਼)*

ਇਕ : ਆਓ ਮੁਖੀਆਂ ਨੂੰ ਜਗਾਈਏ।

ਬਾਕੀ : ਸਾਡੇ 'ਤੇ ਕੀ ਬੀਤਦੀ ਏ...ਉਸ 'ਤੇ ਰੌਸ਼ਨੀ ਪਾਈਏ।

*(ਚਾਰੇ ਹੌਲੇ-ਹੌਲੇ ਮੁਖੀਆਂ ਕੋਲ ਜਾਂਦੇ ਹਨ।)*

ਇਕ : ਮੁਖੀਆ ਜੀ...(ਕੋਈ ਜਵਾਬ ਨਹੀਂ...ਸਗੋਂ ਘੁਰਾੜੇ।)

ਦੋ : ਸ੍ਰੀਮਾਨ ਮੁਖੀਆ ਸੀ...(ਘੁਰਾੜੇ)

ਤਿੰਨ : ਸ੍ਰੀਮਾਨ ਦੇ ਸ੍ਰੀਮਾਨ ਮੁਖੀਆ ਸੀ...(ਘੁਰਾੜੇ)

ਚਾਰ : ਸ੍ਰੀਮਾਨ ਸ੍ਰੀਮਾਨਾਂ ਦੇ ਸ੍ਰੀਮਾਨ ਮੁਖੀਆ ਜੀ...(ਘੁਰਾੜੇ)

ਮਸਖਰਾ : ਇਹ ਇੰਞ ਨਹੀਂ ਜਾਣਗੇ।

ਬਾਕੀ : (ਇਸ਼ਾਰੇ ਨਾਲ) ਫੇਰ ਕਿੰਞ ਜਾਣਗੇ ?

ਮਸਖਰਾ : ਮੈਂ ਦੱਸਦਾ ਹਾਂ।

*(ਉਨ੍ਹਾਂ ਦੇ ਕੰਨ ਵਿਚ ਕੁਝ ਕਹਿੰਦਾ ਹੈ। ਉਹ ਸਿਰ ਹਿਲਾਉਂਦੇ ਹਨ, ਜਿਸ ਤਰ੍ਹਾਂ ਉਨ੍ਹਾਂ ਨੇ ਸਭ ਕੁਝ ਸਮਝ ਲਿਆ ਹੈ। ਚਾਰੇ ਜਾਂਦੇ ਹਨ। ਮੁਖੀਆ ਦੇ ਕੋਲ ਜਾ ਕੇ)*

ਸਾਰੇ : (ਉੱਚੀ ਸਾਰੀ) ਓਏ ਮੁਖੀਓ...ਮਾਂ ਦੇ ਯਾਰੋ ਉੱਠੋ।

(ਸਾਰੇ ਹਫੜਾ ਦਫੜੀ ਵਿਚ ਉੱਠਦੇ ਹਨ।)

ਇਕ : ਮੁਖੀਆ ਜੀ, ਬਿਮਾਰੀ ਪੈ ਗਈ ਏ।

ਮੁਖੀਆ : ਬਿਮਾਰੀ ਤਾਂ ਪੈਂਦੀ ਰਹਿੰਦੀ ਏ।

ਬਾਕੀ ਮੁਖੀਏ : ਹਾਂ, ਬਿਮਾਰੀ ਤਾਂ ਪੈਂਦੀ ਰਹਿੰਦੀ ਏ।

ਦੋ : ਮੁਖੀਆ ਜੀ, ਲੋਕ ਮਰ ਰਹੇ ਨੇ।

ਮੁਖੀਆ : ਲੋਕ ਤਾਂ ਮਰਦੇ ਹੀ ਰਹਿੰਦੇ ਨੇ।

ਬਾਕੀ ਮੁਖੀਏ : ਹਾਂ ਹਾਂ, ਲੋਕ ਤਾਂ ਮਰਦੇ ਹੀ ਰਹਿੰਦੇ ਨੇ।

ਤਿੰਨ : ਮੁਖੀਆ ਜੀ, ਲੋਕ ਰੋ ਰਹੇ ਨੇ।

ਮੁਖੀਆ : ਲੋਕ ਤਾਂ ਰੋਂਦੇ ਹੀ ਰਹਿੰਦੇ ਨੇ।

ਬਾਕੀ ਮੁਖੀਏ : ਹਾਂ...ਲੋਕ ਤਾਂ ਰੋਂਦੇ ਹੀ ਰਹਿੰਦੇ ਨੇ।

ਚਾਰ : ਹਵੇਲੀ ਵਿਚ ਹਾਹਾਕਾਰ ਮੱਚੀ ਹੋਈ ਏ।

ਮੁਖੀਆ : ਹਾਹਾਕਾਰ ਮੱਚੀ ਹੀ ਰਹਿੰਦੀ ਏ।

ਬਾਕੀ ਮੁਖੀਏ : ਹਾਂ...ਹਾਂ...ਹਾਹਾਕਾਰ ਮੱਚੀ ਤੇ ਮੱਚੀ ਰਹਿੰਦੀ ਏ।

ਲੋਕ : ਪਰ ਪੁੱਛੋ ਤਾਂ ਸਹੀ ਕਿਉਂ...ਹਾਹਾਕਾਰ ਮੱਚੀ ਹੋਈ ਏ।

ਮੁਖੀਆ : ਕਿਉਂ ਮੱਚੀ ਹੋਈ ਏ ?

ਲੋਕ : ਬਿਮਾਰੀ ਕਿਉਂ ਫੈਲ ਗਈ ?

ਮਸਖਰਾ : ਮੈਂ ਦੱਸਦਾ ਹਾਂ ਬਿਮਾਰੀ ਦੀ ਜੜ੍ਹ।

*(ਮਸਖਰੇ ਨੇ ਚੂਹਾ ਪਕੜਿਆ ਹੈ।)*

ਚਾਰੇ ਮੁਖੀਏ : ਚੂਹਾ ਹੈ...ਪਰ ਇਹ ਚੂਹੇ ਆਏ ਕਿਥੋਂ ?

ਮਸਖਰਾ : ਇਨ੍ਹਾਂ ਦੀਆਂ ਖੁੱਡਾਂ...ਹਵੇਲੀ ਦੇ ਫਰਸ਼ ਵਿਚ ਨੇ।

ਲੋਕ : ਅਸੀਂ ਹਵੇਲੀ ਦੇ ਫਰਸ਼ ਪੁੱਟ ਦੇਵਾਂਗੇ।

ਮੁਖੀਏ : ਨਹੀਂ ਨਹੀਂ...ਇਹ ਕਾਨੂੰਨ ਦੀ ਉਲੰਘਣਾ ਹੋਵੇਗੀ।

ਮਸਖਰਾ : ਇਨ੍ਹਾਂ ਦੀਆਂ ਖੁੱਡਾਂ ਹਵੇਲੀ ਦੀ ਛੱਤ ਵਿਚ ਨੇ।

ਲੋਕ : ਅਸੀਂ ਹਵੇਲੀ ਦੀ ਛੱਤ ਢਾਹ ਦੇਵਾਂਗੇ।

ਮੁਖੀਏ : (ਘਬਰਾਹਟ ਵਿਚ) ਨਹੀਂ ਨਹੀਂ।

ਮਸਖਰਾ : ਬਿਮਾਰੀ ਤੋਂ ਬਚਣ ਦਾ ਇਕੋ ਰਾਹ।

ਲੋਕ : ਭੁਰਦੀਆਂ ਕੰਧਾਂ ਦੇਵੋ ਢਾਹ।

ਵੱਡਾ ਮੁਖੀਆ : ਨਹੀਂ...ਨਹੀਂ।

ਇਕ ਮੁਖੀਆ : ਇਹ ਹਵੇਲੀ ਸਾਡੇ ਬਜ਼ੁਰਗਾਂ ਦੀ ਹਵੇਲੀ ਏ।

ਦੋ ਮੁਖੀਆ : ਇਹਦੀ ਇਕ ਇੱਟ ਉਸ ਵੇਲੇ ਰੱਖੀ, ਜਦੋਂ ਮਹਾਤਮਾ ਬੁੱਧ ਨੂੰ ਨਿਰਵਾਣ ਮਿਲਿਆ।

ਤਿੰਨ ਮੁਖੀਆ : ਗਰੀਬ ਸੁਦਾਮਾ ਨੂੰ ਕ੍ਰਿਸ਼ਨ ਭਗਵਾਨ ਮਿਲਿਆ।

ਇਕ : ਪਰ ਇਸ ਹਵੇਲੀ ਦੀਆਂ ਨੀਂਹਾਂ ਵਿਚ ਬਿਮਾਰੀ ਏ।

ਦੋ : ਨਹੂਸਤ ਏ।

ਤਿੰਨ : ਦਲਿਦਰ ਏ।

ਚਾਰ : ਹੁਣ ਇਹ ਹਵੇਲੀ ਪੁਰਾਣੀ ਏ।

ਵੱਡਾ ਮੁਖੀਆ : ਕੀ ਹੋਇਆ, ਜੇ ਇਹ ਪੁਰਾਣੀ ਏ ?

ਬਾਕੀ ਮੁਖੀਏ : ਪਰ ਇਹ ਸਾਡੇ ਬਜ਼ੁਰਗਾਂ ਦੀ ਨਿਸ਼ਾਨੀ ਏ।

ਵੱਡਾ ਮੁਖੀਆ : ਇਕ ਇੱਟ ਗੌਤਮਸ਼ਾਹੀ ਹੈ।

ਇਕ ਮੁਖੀਆ : ਇਕ ਇੱਟ ਬਾਬਰਸ਼ਾਹੀ ਹੈ।

ਤਿੰਨ ਮੁਖੀਆ : ਇਕ ਇੱਟ ਨਾਨਕਸ਼ਾਹੀ ਹੈ।

ਮਸਖਰਾ : ਪਰ ਹੁਣ ਹਰ ਇਕ ਇੱਟ ਵਿਚ ਬਿਮਾਰੀ ਦੇ ਜਰਾਸੀਮ ਨੇ।

ਲੋਕ : ਅਸੀਂ ਇੱਟਾਂ ਨੂੰ ਚੱਟੀਏ...ਜੋ ਜੀਂਦੇ ਲੋਕ ਮਰ ਰਹੇ ਹੋਣ।

ਮਸਖਰਾ : ਬਿਮਾਰੀ ਤੋਂ ਬਚਣ ਦਾ ਇਕੋ ਰਾਹ।

ਲੋਕ : ਭੁਰਦੀਆਂ ਕੰਧਾਂ ਦੇਵੋ ਢਾਹ।

*(ਸੰਗੀਤ ਵੱਜਦਾ ਹੈ, ਲੋਕ ਇਧਰ-ਉਧਰ ਨੱਸਦੇ ਹਨ। ਗੈਂਤੀਆਂ, ਹਥੌੜੇ, ਕਹੀਆਂ, ਝੱਬਲ ਚੁੱਕਦੇ ਹਨ।)*

ਮੁਖੀਆ : ਇਸ ਹਵੇਲੀ ਨੂੰ ਪੁੱਟ ਦਿਉਗੇ ਤਾਂ ਰਵ੍ਹੋਗੇ ਕਿਥੇ ?

ਬਾਕੀ ਮੁਖੀਏ : ਹਾਂ ਹਾਂ...ਰਵ੍ਹੋਗੇ ਕਿਥੇ ?

ਇਕ : ਜਿਹੜੇ ਹੱਥ ਢਾਹ ਸਕਦੇ ਨੇ।

ਬਾਕੀ ਲੋਕ : ਉਹ ਨਵਾਂ ਵੀ ਉਸਾਰ ਸਕਦੇ ਹਨ।

*(ਉਹ ਬਾਹਵਾਂ ਚੁੱਕਦੇ ਹਨ, ਮੁਖੀਏ ਡਿੱਗਦੇ ਹਨ। ਜਿਸ ਤਰ੍ਹਾਂ ਉਨ੍ਹਾਂ ਦੀ ਮਾਂ ਮਰ ਗਈ ਹੋਵੇ ਤੇ ਇਕ ਮੂਕ ਦ੍ਰਿਸ਼ ਬਣ ਜਾਂਦਾ ਹੈ। ਲੋਕਾਂ ਨੇ ਜੋਸ਼ ਨਾਲ ਹਥਿਆਰ ਚੁੱਕੇ ਹੋਏ ਹਨ ਤੇ ਮੁਖੀਏ ਥੱਲੇ ਡਿੱਗੇ ਹੋਏ ਹਨ।)*

*ਪਰਦਾ*